# ਦਫ਼ਤਰ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਜਲੰਧਰ।

Acctt/Tabsher
6
1/9/15

ਵੱਲ

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਗੜ੍ਹਦੀਵਾਲਾ।

ਪੱਤਰ ਨੰ: ਡਡਸਸ-2015/13645
ਮਿਤੀ : 28-8-15

ਵਿਸ਼ਾ: ਸਾਲ 2015-2016 ਦਾ ਬਜਟ ਅਨੁਮਾਨ ਪਾਸ ਕਰਨ ਸਬੰਧੀ।

ਹਵਾਲਾ : ਆਪ ਦੇ ਦਫ਼ਤਰ ਦੇ ਪੱਤਰ ਨੰ: 333 ਮਿਤੀ 22.4.2015 ਦੇ ਸਬੰਧ ਵਿੱਚ।

ਨਗਰ ਕੌਂਸਲ, ਗੜ੍ਹਦੀਵਾਲਾ ਦੇ ਬਜਟ ਸਾਲ 2015-2016 ਦੀ ਪ੍ਰਵਾਨਗੀ ਪੰਜਾਬ ਮਿਊਂਸਪਲ ਅਕਾਊਂਟ ਕੋਡ 1930 ਦੇ ਰੂਲ 11.8 ਅਧੀਨ ਹੇਠ ਲਿਖਿਆਂ ਸ਼ਰਤਾਂ/ਪ੍ਰੇਖਨਾਵਾਂ ਸਹਿਤ ਦਿੱਤੀ ਜਾਂਦੀ ਹੈ:-

1. **ਆਮਦਨ:-**

| ਲੜੀ ਨੰ: | ਮੱਦ ਦਾ ਨਾਮ | ਸਾਲ 2015-2016 ਲਈ ਪ੍ਰਵਾਨ ਕੀਤੀ ਗਈ ਬਜਟਿਡ ਆਮਦਨ (ਲੱਖਾਂ ਵਿਚ) |
|---|---|---|
| 1 | ਚੂੰਗੀ/ਵੈਟ | 100.00 |
| 2 | ਪ੍ਰਾਪਰਟੀ ਟੈਕਸ | 15.00 |
| 3 | ਵਾਟਰ ਸਪਲਾਈ ਅਤੇ ਸੀਵਰੇਜ਼ | 5.00 |
| 4 | ਰੈਂਟ ਅਤੇ ਤਹਿਬਜਾਰੀ | 8.50 |
| 5 | ਬੱਸ ਅੱਡਾ ਫੀਸ | 0.00 |
| 6 | ਐਕਸਾਈਜ਼ ਡਿਊਟੀ. | 33.00 |
| 7 | ਬਿਲਡਿੰਗ ਐਪਲੀਕੇਸ਼ਨ ਫੀਸ | 5.00 |
| 8 | ਬਿਜਲੀ ਤੇ ਚੂੰਗੀ | 4.00 |
| 9 | ਸੇਲ ਆਫ ਲੈਂਡ | 0.00 |
| 10 | ਮਨੋਰੰਜਨ ਕਰ | 0.00 |
| 11 | ਵਿਗਿਆਪਨ ਕਰ | 0.20 |
| 12 | ਲਾਇਸੰਸ ਫੀਸ | 0.50 |
| 13 | ਫਾਇਰ ਸੈਸ | 0.00 |
| 14 | ਸੋ ਐਡਵਰਟਾਈਜਮੈਂਟ ਟੈਕਸ | 0.00 |
| 15 | ਹੋਰ ਸਾਧਨ | 9.50 |
| | **ਕੁੱਲ ਆਮਦਨ** | **180.70** |

.2. **ਖਰਚਾ**

752
1/9/2015

ੳ) ਅਮਲਾ :- ਸਾਲ 2015-16 ਲਈ ਅਮਲੇ ਤੇ ਖਰਚੇ ਦੀ ਮੱਦ ਅਧੀਨ 100.00 ਲੱਖ ਰੁਪਏ ਦੀ ਰਕਮ ਪ੍ਰਵਾਨਗੀ ਦਿੱਤੀ ਜਾਂਦੀ ਹੈ। ਜੋ ਕਿ ਬਜਟਿਡ ਆਮਦਨ ਦਾ 55% ਬਣਦਾ ਹੈ। ਅਮਲੇ ਦੀ ਡਿਟੇਲ ਅੰਤਕ ੳ ਤੇ ਨੱਥੀ ਕੀਤੀ ਜਾਂਦੀ ਹੈ। ਬਜਟ ਸਾਲ 2015-16 ਵਿਚ ਕਿਸੇ ਵੀ ਨਵੀਂ ਅਸਾਮੀ ਦੀ ਪ੍ਰਵਾਨਗੀ ਨਹੀ ਦਿੱਤੀ ਗਈ ਹੈ।

ਅ) ਕੰਟਨਜ਼ੈਸੀ ਤੇ ਖਰਚ :- ਸਾਲ 2015-16 ਲਈ ਕੰਟਨਜੈਂਸੀ ਤੇ ਖਰਚ ਦੀ ਮੱਦ ਅਧੀਨ 5.00 ਲੱਖ ਰੁਪਏ ਦੀ ਰਕਮ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਜੋ ਕਿ ਬਜਟਿਡ ਆਮਦਨ ਦਾ 3% ਬਣਦਾ ਹੈ, ਮੱਦਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| 9 | ਮਸ਼ੀਨਰੀ ਦੀ ਖਰੀਦ ਲਈ | 0.00 |
| 10 | ਕਰਮਚਾਰੀਆਂ ਨੂੰ ਕਰਜੇ ਦੇਣ ਵਾਸਤੇ | 0.00 |
| 11 | ਸੋਲਿਡ ਵੇਸਟ/ਪਾਰਕ/ਗਚੀਨਰੀ | 3.00 |
| 12 | ਹੋਰ ਫੁੱਟਕਲ ਕੰਮਾ ਵਾਸਤੇ | 6.70 |
| | ਕੁੱਲ | **37.70** |

**ਸਾਲ 2015-16 ਦੇ ਬਜਟ ਦੀ ਪੋਜੀਸ਼ਨ ਹੇਠ ਲਿਖੇ ਅਨੁਸਾਰ ਹੈ :-**

| | |
|---|---|
| ਮੁੱਢਲਾ ਬਕਾਇਆ | 27.74 |
| ਆਮਦਨ | 180.70 |
| **ਕੁੱਲ ਜੋੜ** | **208.44** |

**ਖਰਚਾ :-**

| | | |
|---|---|---|
| ੳ) | ਅਮਲਾ | 100.00 |
| ਅ) | ਕੰਟਨਜੈਂਸੀ | 5.00 |
| ੲ) | ਵਿਕਾਸ ਦੇ ਕੰਮ | 75.70 |
| ਸ) | ਕੁੱਲ ਖਰਚਾ | **180.70** |
| ਹ) | ਅੰਤਿਮ ਬਕਾਇਆ | 27.74 |

ਕਾਰਜ ਸਾਧਕ ਅਫ਼ਸਰ ਨੂੰ ਹਦਾਇਤ ਕੀਤੀ ਹੈ ਕਿ :-

1) ਬਜਟ ਪਾਸ ਹੋਣ ਉਪਰੰਤ ਕਿਸੇ ਵੀ ਨਵੇਂ ਖਰਚ ਦੀ ਸਪਲੀਮੈਂਟਰੀ ਪ੍ਰਵਾਨਗੀ ਨਹੀ ਦਿੱਤੀ ਜਾਵੇਗੀ

2) ਕੋਈ ਵੀ ਖਾਲੀ ਪੋਸਟ ਸਰਕਾਰ ਦੀ ਪੂਰਵ ਪ੍ਰਵਾਨਗੀ ਤੋ ਬਿਨਾਂ ਪੁਰ ਨਾ ਕੀਤੀ ਜਾਵੇ।

3) ਕੋਈ ਵੀ ਨਵੀਂ ਗੱਡੀ/ਵਹੀਕਲ/ਮਸ਼ੀਨਰੀ ਸਮਰੱਥ ਅਧਿਕਾਰੀ ਦੀ ਪੂਰਵ ਪ੍ਰਵਾਨਗੀ ਤੋ ਬਿਨਾਂ ਖਰੀਦ ਨਾ ਕੀਤੀ ਜਾਵੇ।

4) ਸਰਕਾਰ ਵੱਲੋਂ ਦਿੱਤੀਆਂ ਗਈਆਂ ਹਦਾਇਤਾ ਅਤੇ ਮਾਨਯੋਗ ਸੁਪਰੀਮ ਕੋਰਟ ਅਤੇ ਹਾਈ ਕੋਰਟ ਵੱਲੋਂ ਪਾਸ ਕੀਤੇ ਗਏ ਹੁਕਮ ਜਿਵੇਂ ਕਿ ਸੋਲਿਡ ਵੇਸਟ ਅਤੇ ਨਮਿਤ ਕੁਮਾਰ ਦੇ ਕੇਸ ਵਿੱਚ ਟਰੈਫਿਕ ਰੂਲਾਂ ਸਬੰਧੀ ਕੀਤੀਆਂ ਜਾਣ ਵਾਲੀਆ ਕਾਰਵਾਈਆਂ ਲਈ ਵਿਕਾਸ ਬਜਟ ਦਾ 10% ਖਰਚਾ ਇਨ੍ਹਾਂ ਮੱਦਾਂ ਲਈ ਰਾਖਵਾਂ ਰੱਖਿਆ ਜਾਵੇ।

5) ਕੰਟੀਜੈਂਸੀ ਦਾ ਖਰਚਾ ਪਿਛਲੇ ਸਾਲ ਦੇ ਖਰਚੇ ਨਾਲੋਂ 15% ਘਟਾਇਆ ਜਾਵੇ।

6) ਸੰਸਥਾਵਾਂ ਵੱਲੋਂ ਸਥਾਨਕ ਸੰਸਥਾਂ ਦਾ ਲੇਖਾ-ਜੋਖਾ ਡਬਲ ਐਂਟਰੀ ਸਿਸਟਮ ਦੇ ਅਧਾਰ ਤੇ ਤਿਆਰ ਕੀਤਾ ਜਾਵੇ ਅਤੇ ਜੇ ਕਿਸੇ ਵੀ ਸਮੇਂ ਸਥਾਨਕ ਸੰਸਥਾਂ ਦੇ ਲੇਖਾ-ਜੋਖੇ ਦੀ ਚੈਕਿੰਗ ਸਮੇਂ ਚੈਕ ਕਰਨ ਤੇ ਪਾਇਆ ਗਿਆ ਕਿ ਡਬਲ ਐਂਟਰੀ ਸਿਸਟਮ ਦਾ ਲੇਖਾ-ਜੋਖਾ ਤਿਆਰ ਨਹੀਂ ਕੀਤਾ ਗਿਆ ਤਾਂ ਉਸ ਦੇ ਲਈ ਲੇਖਾਕਾਰ ਦੀ ਨਿੱਜੀ ਜ਼ੁੰਮੇਵਾਰੀ ਹੋਵੇਗੀ।

7) ਸਥਾਨਕ ਸੰਸਥਾ ਦੇ ਦਫ਼ਤਰ ਵਿੱਚ ਕੰਪਿਊਟਰਾਈਜੇਸ਼ਨ ਕਰਨ ਲਈ ਬਜਟ ਉਪਬੰਧ ਕੀਤਾ ਜਾਵੇ।

8) ਵੱਖ-ਵੱਖ ਸੋਮਿਆਂ ਤੋਂ ਆਮਦਨ ਲਈ ਬਕਾਇਆ ਦੀ ਵਸੂਲੀ 12 ਮਹੀਨੇ ਵਿੱਚ ਵੰਡ ਕੇ ਹਰ ਮਹੀਨੇ ਦਾ ਟਾਰਗੇਟ 10% ਫਿਕਸ ਕੀਤਾ ਜਾਵੇ।

9) ਬਜਟ ਵਿਚ ਆਮਦਨ ਦਾ ਰੱਖਿਆ ਗਿਆ ਟੀਚਾ ਪੂਰਾ ਕਰਨ ਲਈ ਕਾਰਜ ਸਾਧਕ ਅਫਸਰ/ਪ੍ਰਧਾਨ ਅਤੇ ਸਮੂਹ ਸਟਾਫ ਜਿੰਮੇਵਾਰ ਹੋਵੇਗਾ।

10) ਕਿਸੇ ਵੀ ਅਸਾਮੀ ਦੀ ਐਕਸ-ਪੋਸਟ ਫੈਕਟੋ ਪ੍ਰਵਾਨਗੀ ਦਿੱਤੀ ਜਾਵੇਗੀ।

11) ਜੋ ਕੰਟਰੈਕਟ ਬੇਸਿਸ ਤੇ ਪਹਿਲਾਂ ਪ੍ਰਵਾਨਿਤ ਕਲਰਕਾਂ ਦੀਆਂ ਪੋਸਟਾਂ ਦਾ ਉਪਬੰਧ ਕੀਤਾ ਗਿਆ ਹੈ, ਉਨ੍ਹਾਂ ਦਾ ਸਮਾਂ ਵਧਾਉਣ ਲਈ ਡਾਇਰੈਕਟਰ, ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ ਜੀ ਦੀ ਪੂਰਵ ਪ੍ਰਵਾਨਗੀ ਹਾਸਲ ਕੀਤੀ ਜਾਵੇ।

12) ਟੈਲੀਫੋਨ ਤੇ ਖਰਚਾ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਕੀਤਾ ਜਾਵੇ। ਜੇਕਰ ਕੋਈ ਵਾਧੂ ਖਰਚਾ ਕੀਤਾ ਗਿਆ ਤਾਂ ਉਸਦੀ ਜਿੰਮੇਵਾਰੀ ਕਾਰਜ ਸਾਧਕ ਅਫਸਰ ਦੀ ਹੋਵੇਗੀ।

13) ਪੀ.ਓ.ਐਲ ਤੇ ਖਰਚ ਸਰਕਾਰ ਵਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਕੀਤਾ ਜਾਵੇ। ਜੇਕਰ ਕੋਈ ਵਾਧੂ ਖਰਚਾ ਕੀਤਾ ਗਿਆ ਤਾਂ ਉਸਦੀ ਜਿੰਮੇਵਾਰੀ ਕਾਰਜ ਸਾਧਕ ਅਫਸਰ ਦੀ ਹੋਵੇਗੀ।

14) ਕਿਸੇ ਵੀ ਸੰਸਥਾ ਨੂੰ ਕੋਈ ਗ੍ਰਾਂਟ ਸਰਕਾਰ/ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨਾਂ ਨਹੀ ਦਿੱਤੀ ਜਾਵੇਗੀ।

15) ਸਟੇਸ਼ਨਰੀ ਦੀ ਮੱਦ ਅਧੀਨ ਪ੍ਰਵਾਨਤ ਬਜਟ ਉਪਬੰਧ ਨਾਲੋ ਖਰਚ ਘੱਟ ਕਰਨ ਦੀ ਹਰ ਮੁਮਕਿੰਨ ਕੋਸ਼ਿਸ਼ ਕੀਤੀ ਜਾਵੇ।

16) ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੇ ਟੈਕਸਾਂ ਦੀ ਉਗਰਾਹੀ ਨੂੰ ਏਰੀਅਰ ਵਿਚ ਨਾ ਆਉਣ ਦਿੱਤਾ ਜਾਵੇ।

17) ਨਗਰ ਕੌਸਲ ਦੀਆਂ ਪੁਰਾਣੀਆਂ ਦੇਣਦਾਰੀਆਂ ਕਲੀਅਰ ਕੀਤੀਆਂ ਜਾਣ। ਵਿਕਾਸ ਦੇ ਨਵੇਂ ਕੰਮ ਉਤਨੀ ਰਕਮ ਦੇ ਹੀ ਕਰਵਾਏ ਜਾਣ, ਜਿੰਨੀ ਰਕਮ ਦਾ ਬਜਟ ਉਪਬੰਧ ਹੋਵੇ ਤਾਂ ਜੋ ਦੇਣਦਾਰੀਆਂ ਵਿੱਚ ਵਾਧਾ ਨਾ ਹੋਵੇ।

18) ਨਗਰ ਕੌਂਸਲ ਹਰ ਸਾਲ ਆਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰੇਗੀ।

19) ਵਰਕ ਚਾਰਜ਼ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ। ਵਾਟਰ ਸਪਲਾਈ ਅਤੇ ਸੀਵਰੇਜ ਦੇ ਬਿਲਾਂ ਦੀ ਕੁਲੈਕਸ਼ਨ, ਬਿਜਲੀ ਦੀ ਮੇਨਟੀਨੈਂਸ, ਸੈਨੀਟੇਸ਼ਨ ਦਾ ਨਿੱਜੀਕਰਨ ਦੇ ਉਪਰਾਲੇ ਕੀਤੇ ਜਾਣੇ।

20) ਕਿਸੇ ਵੀ ਸਥਾਨਕ ਸੰਸਥਾਂ ਦੇ ਸਬੰਧ ਵਿਚ ਆਡਿਟ ਵੱਲੋਂ ਇਤਰਾਜ਼ ਲਗਾਏ ਜਾਂਦੇ ਹਨ ਉਨਾਂ ਦਾ ਉਤਰ ਆਡਿਟ ਨੋਟ ਵਿਚ ਦਰਸਾਏ ਅਨੁਸਾਰ ਇਕ ਮਹੀਨਾ ਦੇ ਅੰਦਰ-ਅੰਦਰ ਸਾਰੇ ਪੈਰੇ ਨਾਲ-ਨਾਲ ਸੈਟਲ ਕਰਵਾਏ ਜਾਣ।

21) ਸਟਾਫ ਦੇ ਡਿਊਜ਼ ਅਤੇ ਵਿਸ਼ੇਸ਼ ਕਰਕੇ ਸੇਵਾ ਨਿਵਿਰਤ ਅਧਿਕਾਰੀਆਂ/ਕਰਮਚਾਰੀਆਂ ਦੇ ਡਿਊਜ਼ ਅਦਾ ਕਰਨ ਲਈ ਪਹਿਲ ਕੀਤੀ ਜਾਵੇ। ਸਥਾਨਕ ਸੰਸਥਾਵਾਂ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾ ਨਿਵਿਰਤ ਸਬੰਧੀ ਬਣਦੇ ਡਿਊਜ਼ ਦੀਆਂ ਅਦਾਇਗੀਆਂ ਕਰਨ ਲਈ ਇਸ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਪੱਤਰ ਨੰ: ਲੇਖਾਕਾਰ-6-ਡਸਸ-ਓਕਵਲ-(454)-2012/914-74 ਮਿਤੀ 16-01-2012 ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

22) ਪੰਜਾਬ ਮਿਊਂਸਪਲ ਅਕਾਊਂਟ 1930 ਵਿਚ ਕੀਤੇ ਗਏ ਉਪਬੰਧਾਂ ਅਨੁਸਾਰ ਮਿਨੀਅਮ ਬੈਲੇਂਸ ਕਾਇਮ ਰੱਖਿਆ ਜਾਵੇ।

ਸਾਲ 2015-16 ਦੇ ਬਜਟ ਦੀਆਂ 5 ਕਾਪੀਆਂ ਜੀ-ਫਾਰਮ ਵਿਚ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਜਾਵੇ।

ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਜਲੰਧਰ।

ਪਿੱਠ ਅੰਕਣ ਨੰ: ਡਡਸਸ-15/ ਮਿਤੀ :

ਇਸ ਦਾ ਇਕ ਉਤਾਰਾ ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ ਜੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਜਲੰਧਰ।

## ਅੰਤਿਕਾ ੳ

**ਨਗਰ ਕੌਂਸਲ, ਗੜ੍ਹਦੀਵਾਲਾ ਵਿਖੇ ਸਾਲ 2015-2016 ਵਿੱਚ ਪ੍ਰਵਾਨ ਕੀਤੀਆਂ ਗਈਆਂ ਅਸਾਮੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-**

| ਲੜੀ ਨੰ: | ਅਸਾਮੀ ਦਾ ਨਾਮ | ਮਨੰਜ਼ੂਰ ਅਸਾਮੀਆਂ ਦੀ ਗਿਣਤੀ |
|---|---|---|
| 1 | ਪ੍ਰਧਾਨ | 1 |
| 2 | ਮੈਂਬਰ | 10 |
| 3 | ਕਾਰਜ ਸਾਧਕ ਅਫ਼ਸਰ | 1 |
| 4 | ਭਾਗ ਅਫ਼ਸਰ | 1 |
| 5 | ਲੇਖਾਕਾਰ | 1 |
| 6 | ਕਲਰਕ | 6 |
| 7 | ਸੇਵਾਦਾਰ | 1 |
| 8 | ਮਾਲੀ ਕਮ ਚੌਂਕੀਦਾਰ | 1 |
| 9 | ਸਫ਼ਾਈ ਜਮਾਂਦਾਰ | 1 |
| 10 | ਸਫ਼ਾਈ ਸੇਵਕ | 10 |
| 11 | ਪਾਰਟ ਟਾਈਮ ਸਫ਼ਾਈ ਸੇਵਕ | 1 |
| 12 | ਪਾਰਟ ਟਾਈਮ ਲੀਗਲ ਐਡਵਾਈਜਰ | 1 |
| 13 | ਵੀ.ਓ. (ਮਾਨ ਭੱਤਾ) | 1 |
| | ਕੁੱਲ ਜੋੜ | 36 |

ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਜਲੰਧਰ।